United Utilities

helping life flow smoothly

# ਪਾਈਪਾਂ, ਨਾਲੀ ਦ ਪਾਈਪਾਂ ਅਤ ਸੀਵਰਾਂ ਬਾਰ ਅਸਾਨ ਗਾਈਡ



# ਜ਼ਮੀਨਦੋਜ਼ ਦੇ ਹੇਠਲੇ ਕੰਮ

## ਜ਼ਿਆਦਾਤਰ ਲੋਕਾਂ ਨੂੰ ਆਪਣੇ ਘਰਾਂ ਦੇ ਅੰਦਰਲੇ ਪਾਈਪਾਂ ਦੀ ਦੇਖਭਾਲ ਕਰਨ ਦੀ ਆਦਤ ਹੁੰਦੀ ਹੈ, ਪਰ ਉਹ ਜ਼ਮੀਨ ਦੇ ਹੇਠਾਂ ਦੱਬੇ ਪਾਈਪਾਂ ਬਾਰੇ ਇੱਕ ਪਲ ਵੀ ਨਹੀਂ ਸੋਚਦੇ।

ਤੁਹਾਡੇ ਬਗ਼ੀਚੇ, ਡ੍ਰਾਈਵਵੇ ਜਾਂ ਰਾਹ ਦੇ ਹੇਠਾਂ ਦੋ ਅਹਿਮ ਪਾਈਪ ਹੁੰਦੇ ਹਨ, ਜਿਹਨਾਂ ਬਾਰੇ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ - ਪਾਣੀ ਦੀ ਸਪਲਾਈ ਵਾਲਾ ਪਾਈਪ, ਜੋ ਸੜਕ ਵਿਚਲੇ ਸਾਡੇ ਮੁੱਖ ਪਾਈਪ ਤੋਂ ਤੁਹਾਡੇ ਘਰ ਤੱਕ ਪਾਣੀ ਲਿਆਉਂਦਾ ਹੈ, ਅਤੇ ਸੀਵਰ ਦਾ ਪਾਈਪ, ਜੋ ਤੁਹਾਡੇ ਘਰ ਦੇ ਸਾਰੇ ਗੰਦੇ ਪਾਣੀ ਨੂੰ ਸਾਡੇ ਸੀਵਰਾਂ ਵਿਚ ਸੁੱਟਦਾ ਹੈ।

ਇਹਨਾਂ ਦੋ ਪਾਈਪਾਂ ਤੋਂ ਬਿਨਾ, ਤੁਹਾਡੇ ਪਾਈਪ ਗਹਿਣਿਆਂ ਤੋਂ ਵੱਧ ਕੁਝ ਨਹੀਂ ਹੋਣਗੇ, ਅਤੇ ਤੁਹਾਡੀ ਟਾੱਇਲਟ... ਹਾਂ, ਸ਼ਾਇਦ ਉਥੇ ਜਾਣ ਦੀ ਚੰਗੀ ਥਾਂ ਨਾ ਹੋਵੇ!

ਜ਼ਿਆਦਾਤਰ ਸਮੇਂ, ਇਹ ਦੋ ਪਾਈਪ ਅਰਾਮ ਨਾਲ ਆਪਣਾ ਕੰਮ ਕਰਨ ਵਿਚ ਲੱਗੇ ਰਹਿੰਦੇ ਹਨ।

ਹਾਲਾਂਕਿ, ਜੇ ਤੁਹਾਨੂੰ ਉਹਨਾਂ ਵਿਚੋਂ ਇੱਕ ਨੂੰ ਬਦਲਣ ਜਾਂ ਮੁਰੰਮਤ ਦੀ ਲੋੜ ਹੈ, ਜਾਂ ਤੁਸੀਂ ਇੱਕ ਨਵਾਂ ਪਾਈਪ ਲਾਉਣਾ ਚਾਹੁੰਦੇ ਹੋ, ਕਿਉਂਕਿ ਤੁਸੀਂ ਨਵੀਂ ਸੰਪਤੀ ਬਣਾਈ ਹੈ ਜਾਂ ਵਧਾਈ ਹੈ, ਤਾਂ ਤੁਹਾਨੂੰ ਇਹ ਪਤਾ ਲਾਉਣ ਦੀ ਲੋੜ ਹੋਏਗੀ ਕਿਵੇਂ, ਕੀ ਹੋਏਗਾ ਜੇ - ਆਪਣੇ ਪ੍ਰੋਜੈਕਟ ਦੇ ਪਾਣੀ ਦੀ ਨਿਰਵਿਘਨ ਸਪਲਾਈ ਨੂੰ ਯਕੀਨੀ ਬਣਾਉਣ ਲਈ।

ਇਹ ਲੀਫ਼ਲੈਟ ਤੁਹਾਡੇ ਵਲੋਂ ਕੀਤੇ ਜਾਣ ਵਾਲੇ ਕੰਮਾਂ ਦੇ ਸਾਰ ਬਾਰੇ ਦੱਸਦਾ ਹੈ। ਪਹਿਲਾਂ ਪਾਣੀ ਦੇ ਪਾਈਪਾਂ ਤੇ ਧਿਆਨ ਦਿਓ ਅਤੇ ਫਿਰ ਸੀਵਰ ਦੇ ਪਾਈਪਾਂ ਤੇ।

ਇਸਤੋਂ ਪਹਿਲਾਂ ਕਿ ਤੁਸੀਂ ਕੰਮ ਸ਼ੁਰੂ ਕਰੋ, ਤੁਹਾਨੂੰ ਪੇਸ਼ੇਵਰ ਪਲੰਬਰ ਜਾਂ ਬਿਲਡਰ ਦੀ ਸੂਚੀ ਬਣਾਉਣ ਦੀ ਲੋੜ ਪੈ ਸਕਦੀ ਹੈ।

ਇਸ ਪੁਸਤਿਕਾ ਦੇ ਅੰਦਰ ਦੱਸੇ ਗਏ ਕੁਝ ਕੰਮ ਖ਼ਾਸੇ ਮਾਹਿਰਾਨਾ ਹੋ ਸਕਦੇ ਹਨ ਅਤੇ ਅਸੀਂ ਹਮੇਸ਼ਾ ਸੁਝਾਅ ਦਿਆਂਗੇ ਕਿ ਕੋਈ ਵੀ ਕੰਮ ਢੁਕਵੇਂ ਸਿਖਲਾਈਪ੍ਰਾਪਤ ਪੇਸ਼ੇਵਰਾਂ ਤੋਂ ਕਰਾਇਆ ਜਾਏ।

## ਬਿਲਡਰਜ਼ ਸਪੈਸ਼ਲ!

ਸਾਡੇ ਕੋਲ ਸਾਡੀ ਵੈਬਸਾਈਟ ਤੇ ਬਿਲਡਰਾਂ ਅਤੇ ਪਲੰਬਰਾਂ ਲਈ ਬਹੁਤ ਸਾਰੀ ਤਕਨੀਕੀ ਜਾਣਕਾਰੀ ਹੈ। ਇਸ ਵਿਚ ਪਾਈਪ ਪਾਉਣੇ, ਸਮਗ੍ਰੀਆਂ, ਪਾਈਪਾਂ ਜੋੜਣੀਆਂ, ਕਾਨੂੰਨੀ ਅਤੇ ਹੋਰ ਬਹੁਤ ਸਾਰੇ ਮਾਹਿਰਾਨਾ ਮੁੱਦੇ ਸ਼ਾਮਿਲ ਹਨ।



ਤੁਸੀਂ ਇਹ ਸਾਰੀਆਂ ਚੰਗੀਆਂ ਚੀਜ਼ਾਂ ਇਥੋਂ ਲਭ ਸਕਦੇ ਹੋ: **unitedutilities.com/newwatersupply**





# ਪਾਣੀ ਦੀਆਂ ਪਾਈਪਾਂ: ਤੁਹਾਡੇ ਪਾਣੀ ਦੇ ਪਾਈਪ ਬਾਰੇ ਕੁਝ ਸ਼ਬਦ

## ਪਾਣੀ ਰਿਸਣ ਲਈ ਜਾਂਚ ਵਾਸਤ ਆਪਣ ਮੀਟਰ ਦੀ ਵਰਤ ਕਰਨੀ

ਜੇ ਤੁਹਾਡਾ ਮੀਟਰ ਹੈ, ਜੇ ਕਿ ਤੁਹਾਡੀ ਆਪਣੀ ਸੰਪਤੀ ਦੀ ਵਲਗਣ ਵਿਚ ਹੈ, ਤਾਂ ਤੁਸੀਂ ਆਪਣੇ ਸਪਲਾਈ ਵਾਲੇ ਪਾਈਪ ਵਿਚੋਂ ਰਿਸਣ ਵਾਲੇ ਪਾਣੀ ਦੀ ਜਾਂਚ ਲਈ ਇਸ ਦੀ ਵਰਤੋਂ ਕਰ ਸਕਦੇ ਹੋ। ਸਾਰੀਆਂ ਟੂਟੀਆਂ ਅਤੇ ਉਪਕਰਣ ਬੰਦ ਕਰੋ, ਜਿਹਨਾਂ ਵਿਚ ਪਾਣੀ ਵਰਤਿਆ ਜਾਂਦਾ ਹੈ, 30 ਮਿੰਟ ਤੱਕ ਉਡੀਕੋ, ਫਿਰ ਮੀਟਰ ਰੀਡਿੰਗ ਲਓ (ਲਾਲ ਨੰਬਰਾਂ ਸਮੇਤ)। ਕਿਸੇ ਵੀ ਪਾਣੀ ਦੀ ਇੱਕ ਹੋਰ ਘੰਟਾ ਵਰਤੋਂ ਨਾ ਕਰੋ, ਅਤੇ ਫਿਰ ਇੱਕ ਹੋਰ ਮੀਟਰ ਰੀਡਿੰਗ ਲਓ। ਜੇ ਮੀਟਰ ਰੀਡਿੰਗ ਬਦਲ ਗਈ ਹੈ, ਜਾਂ ਕਾਉਂਟਰ ਬਦਲ ਰਿਹਾ ਹੈ (ਆਖ਼ਰੀ ਲਾਲ ਡਿਜਿਟ ਸਮੇਤ), ਤਾਂ ਤੁਹਾਡੇ ਘਰ ਵਿਚਲਾ ਪਾਣੀ ਰਿਸ ਸਕਦਾ ਹੈ।

ਜੇ ਮੀਟਰ ਤੁਹਾਡੇ ਘਰ ਦੇ ਅੰਦਰ ਹੈ, ਤਾਂ ਤੁਸੀਂ ਆਪਣੀ ਅੰਦਰੂਨੀ ਨਲਸਾਜ਼ੀ ਵਿਚਲੀ ਰਿਸਣ ਵਾਲੀ ਥਾਂ ਵੇਖਣ ਲਈ ਇਸ ਦੀ ਵਰਤੋਂ ਕਰ ਸਕਦੇ ਹੋ। ਫਿਰ, ਯਕੀਨੀ ਬਣਾਓ ਕਿ ਸਾਰੇ ਉਪਕਰਣ ਅਤੇ ਟੂਟੀਆਂ ਬੰਦ ਹੋਣ, 30 ਮਿੰਟ ਤੱਕ ਉਡੀਕੋ ਅਤੇ ਫਿਰ ਮੀਟਰ ਦੀ ਰੀਡਿੰਗ ਪੜ੍ਹੋ। ਕਿਸੇ ਵੀ ਪਾਣੀ ਦੀ ਹੋਰ ਘੰਟੇ ਤੱਕ ਵਰਤੋਂ ਨਾ ਕਰੋ, ਅਤੇ ਫਿਰ ਮੀਟਰ ਰੀਡਿੰਗ ਲਓ। ਜੇ ਰੀਡਿੰਗ ਬਦਲਦੀ ਹੈ, ਤਾਂ ਪਾਣੀ ਰਿਸਣ ਦੀ ਸੰਭਾਵਨਾ ਤੁਹਾਡੀ ਅੰਦਰੂਨੀ ਨਲਸਾਜ਼ੀ ਵਿਚ ਹੋ ਸਕਦੀ ਹੈ।

### ਹਰ ਦਿਨ ਥੋੜ੍ਹਾ-ਥੋੜ੍ਹਾ ਜਾਦੂ ਹੁੰਦਾ ਹੈ। ਤੁਸੀਂ ਆਪਣੀ ਟੂਟੀ ਖੋਲ੍ਹਦੇ ਹੋ ਅਤੇ ਉਸ ਵਿਚੋਂ ਨਿਕਲਦਾ ਹੈ, ਸਾਫ਼, ਖਰਾ ਪੀਣ ਵਾਲਾ ਪਾਣੀ।

ਤੁਹਾਡੇ ਪਾਣੀ ਦੀ ਸਪਲਾਈ ਤੋਂ ਬਿਨਾ, ਤੁਸੀਂ ਆਪਣੇ ਆਪ ਨੂੰ ਛੇਤੀ ਹੀ ਡਾਰੋਂ ਵਿਛੜੇ ਮੰਨੋਗੇ।

ਇਹ ਜ਼ਮੀਨਦੋਜ਼ ਪਾਈਪ ਤੁਹਾਡੇ ਘਰ ਨੂੰ ਸਾਡੇ ਨੈਟਵਰਕ ਨਾਲ ਜੋੜਦਾ ਹੈ। ਅਤੇ ਤੁਸੀਂ (ਜਾਂ ਤੁਹਾਡਾ ਮਕਾਨ-ਮਾਲਕ) ਇਸਦੀ ਦੇਖਭਾਲ ਲਈ ਜ਼ਿੰਮੇਵਾਰ ਹੋ - ਤੁਹਾਡੇ ਘਰ ਤੋਂ ਲੈਕੇ, ਬਿਲਕੁਲ ਤੁਹਾਡੀ ਸੰਪਤੀ ਦੀ ਵਲਗਣ ਤੱਕ। ਇੱਕ ਵਾਰੀ ਤੁਹਾਡੀ ਸੰਪਤੀ ਵਿਚੋਂ ਨਿਕਲਦਿਆਂ ਹੀ, ਇਹ ਸਾਡੀ ਜ਼ਿੰਮੇਵਾਰੀ ਬਣ ਜਾਂਦੀ ਹੈ।

ਜਿਸ ਸੰਪਤੀ ਵਿਚ ਤੁਸੀਂ ਰਹਿੰਦੇ ਹੋ, ਦੀ ਕਿਸਮ ਤੇ ਨਿਰਭਰ ਕਰਦਿਆਂ, ਤੁਹਾਡੀ ਸਪਲਾਈ ਦਾ ਪਾਈਪ ਤੁਹਾਡਾ ਖ਼ੁਦ ਦਾ ਹੋ ਸਕਦਾ ਹੈ ਜਾਂ ਤੁਸੀਂ ਆਪਣੇ ਗੁਆਂਢੀਆਂ ਨਾਲ ਸਾਂਝਾ ਕਰ ਸਕਦੇ ਹੋ - ਇਸ ਮਾਮਲੇ ਵਿਚ, ਪਾਈਪ ਬਾਰੇ ਫ਼ੈਸਲਾ ਤੁਹਾਨੂੰ ਮਿਲਕੇ ਕਰਨਾ ਪੈਣਾ ਹੈ।

ਤੁਹਾਡੇ ਪਾਣੀ ਦੀ ਸਪਲਾਈ ਦੇ ਪਾਈਪ ਵਿਚੋਂ ਜੇ ਪਾਣੀ ਰਿਸਦਾ ਹੈ, ਸੰਭਵ ਹੈ ਕਿ ਇਸਦੀ ਜ਼ਿੰਮੇਵਾਰੀ ਤੁਹਾਡੀ ਹੋਏਗੀ, ਇੱਕ ਚੰਗੇ ਪਲੰਬਰ ਨੂੰ ਬੁਲਾਕੇ। ਹਾਲਾਂਕਿ, ਕੁਝ ਮਾਮਲਿਆਂ ਵਿਚ ਅਸੀਂ ਪਾਣੀ ਬਰਬਾਦ ਨਾ ਹੋਵੇ, ਨੂੰ ਧਿਆਨ ਵਿਚ ਰਖਦਿਆਂ, ਇੱਕ ਵਾਰੀ ਮੁਫ਼ਤ, ਮੁਰੰਮਤ ਕਰ ਸਕਦੇ ਹਾਂ।

ਮੁਰੰਮਤਾਂ ਬਾਰੇ ਹੋਰ ਜਾਣਕਾਰੀ ਲਈ **unitedutilities.com/bursthome** ਤੇ ਜਾਓ ਜਾਂ ਸਾਨੂੰ **0845 746 2200** ਤੇ ਕਾੱਲ ਕਰੋ ਅਤੇ ਅਸੀਂ ਆਪਣੇ ਵਲੋਂ ਚੰਗੀ ਤਰ੍ਹਾਂ ਮਦਦ ਕਰਾਂਗੇ।







# ਕਣ ਜ਼ਿਮਵਾਰ ਹ?

ਸਾਹਮਣੇ ਪਾਸੇ ਦਿੱਤਾ ਗਿਆ ਇਹ ਚਿੱਤਰ ਤੁਹਾਡੇ ਘਰ ਵਿਚ ਸਪਲਾਈ ਦੇਣ ਵਾਲੀਆਂ ਪਾਣੀ ਦੇ ਪਾਈਪਾਂ ਲਈ ਸਾਡੀ ਅਤੇ ਤੁਹਾਡੀਆਂ ਜ਼ਿੰਮੇਵਾਰੀਆਂ ਨੂੰ ਦਰਸਾਉਂਦਾ ਹੈ।

ਜਦੋਂ ਸਪਲਾਈ ਵਾਲੇ ਪਾਈਪ ਨਾਲ ਇਕੱਲੀ ਸੰਪਤੀ ਨੂੰ ਸਪਲਾਈ ਜਾਂਦੀ ਹੈ (ਉਪਰ ਖੱਬੇ), ਜਦੋਂ ਇਹ ਤੁਹਾਡੀ ਸੰਪਤੀ ਦੀ ਵਲਗਣ ਵਿਚ ਪਹੁੰਚਦੀ ਹੈ, ਤਾਂ ਪਾਈਪ ਤੁਹਾਡੀ ਜ਼ਿੰਮੇਵਾਰੀ ਹੈ।

ਜਦੋਂ ਸਪਲਾਈ ਵਾਲੇ ਸਾਂਝੇ ਪਾਈਪ ਰਾਹੀਂ ਇੱਕ ਨਾਲੋਂ ਵੱਧ ਸੰਪਤੀਆਂ ਵਿਚ ਸਪਲਾਈ ਕੀਤੀ ਜਾਂਦੀ ਹੈ (ਹੇਠਾਂ ਖੱਬੇ), ਤਾਂ ਇਸ ਪਾਈਪ, ਜਿਸ ਤੋਂ ਸਾਰੀਆਂ ਸੰਪਤੀਆਂ ਨੂੰ ਸਪਲਾਈ ਜਾਂਦੀ ਹੈ, ਦੀ ਸਾਂਝੀ ਜ਼ਿੰਮੇਵਾਰੀ ਹੈ। ਨਿਜੀ ਬ੍ਰਾਂਚ ਪਾਈਪ, ਜਿਹਨਾਂ ਨਾਲ ਤੁਹਾਡੇ ਘਰ ਨੂੰ ਪਾਣੀ ਦੀ ਸਪਲਾਈ ਜਾਂਦੀ ਹੈ, ਦੀ ਵੀ ਜ਼ਿੰਮੇਵਾਰੀ ਤੁਹਾਡੀ ਹੈ।

ਜੇ ਸਪਲਾਈ ਦੇ ਪਾਈਪ ਵਿਚੋਂ ਪਾਣੀ ਰਿਸਦਾ ਹੈ, ਤਾਂ ਆਮ ਤੌਰ ਤੇ ਇਸ ਨੂੰ ਠੀਕ ਕਰਾਉਣਾ ਤੁਹਾਡੀ ਜ਼ਿੰਮੇਵਾਰੀ ਹੈ। ਹਾਲਾਂਕਿ, ਕੁਝ ਮਾਮਲਿਆਂ ਵਿਚ ਅਸੀਂ ਇਸ ਪਾਈਪ ਦੇ ਰਿਸਣ ਦੀ ਮੁਰੰਮਤ ਮੁਫ਼ਤ ਕਰਦੇ ਹਾਂ। ਪੂਰੇ ਵੇਰਵੇ ਇਸ ਵੈਬਸਾਈਟ ਤੇ ਮਿਲ ਸਕਦੇ ਹਨ **unitedutilities.com/bursthome**

ਆਮ ਤੌਰ ਤੇ, ਅਸੀਂ ਕਈ ਸੰਪਤੀਆਂ ਨੂੰ ਭੇਜੇ ਜਾਂਦੇ ਪਾਣੀ ਦੇ ਸਾਂਝੇ ਸਪਲਾਈ ਵਾਲੇ ਪਾਈਪ ਨੂੰ ਬਦਲਣ ਦੀ ਥਾਂ, ਹਰ ਘਰ ਲਈ ਵੱਖਰੇ ਪਾਈਪਾਂ ਤੇ ਜ਼ੋਰ ਦੇ ਸਕਦੇ ਹਾਂ। ਅਸੀਂ ਇਹ ਕਰ ਸਕਦੇ ਹਾਂ, ਜੇ ਪਾਣੀ ਦੇ ਸਾਂਝੇ ਪਾਈਪ ਦੀ ਹਾਲਤ ਖ਼ਰਾਬ ਹੈ, ਜੇ ਕੁਝ ਸੰਪਤੀਆਂ ਫ਼ਲੈਟਾਂ ਵਿਚ ਬਦਲ ਗਈਆਂ ਹਨ ਜਾਂ ਦੇ ਇਹਨਾਂ ਘਰਾਂ ਵਿਚੋਂ ਇੱਕ ਨੂੰ ਆਪਣੇ ਬਿੱਲ ਦੇ ਭੁਗਤਾਨ ਵਿਚ ਪੱਕੇ ਤੌਰ ਤੇ ਮੁਸ਼ਕਿਲ ਹੁੰਦੀ ਹੈ।

# ਪਾਣੀ ਦੇ ਪਾਈਪ: **ਸੀਸੇ ਦੀ ਸਪਲਾਈ ਵਾਲੇ ਪਾਈਪ ਬਦਲਣੇ**



### ਜੇ ਤੁਸੀਂ 1970 ਤੋਂ ਪਹਿਲਾਂ ਦੀ ਬਣੀ ਸੰਪਤੀ ਵਿਚ ਰਹਿੰਦੇ ਹੋ, ਤਾਂ ਇਸ ਗੱਲ ਦੀ ਗੁੰਜਾਇਸ਼ ਹੈ ਕਿ ਤੁਹਾਡੇ ਪਾਣੀ ਦੇ ਸਪਲਾਈ ਦੇ ਪਾਈਪ ਸੀਸੇ ਦੇ ਬਣੇ ਹੋਣ।

ਇਹਨੀਂ ਦਿਨੀਂ, ਹੁਣ ਸਿਹਤ ਕਾਰਣਾਂ ਕਰਕੇ ਸੀਸੇ ਦੇ ਪਾਈਪ ਨਹੀਂ ਵਰਤੇ ਜਾਂਦੇ, ਕਿਉਂਕਿ ਧਾਤ ਦੇ ਛੋਟੇ ਛੋਟੇ ਕਿਣਕੇ ਤੁਹਾਡੀ ਟੂਟੀ ਦੇ ਪਾਣੀ ਵਿਚ ਘੁਲ ਸਕਦੇ ਹਨ। ਮੈਡੀਕਲ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਨੁਕਸਾਨ ਕਰਨ ਵਾਲੇ ਹੋ ਸਕਦੇ ਹਨ, ਖ਼ਾਸ ਤੌਰ ਤੇ ਛੋਟੇ ਬੱਚਿਆਂ ਅਤੇ ਅਣਜੰਮੇ ਬਾਲਾਂ ਲਈ।

ਜੇ ਤੁਸੀਂ ਸੀਸੇ ਦੇ ਸਪਲਾਈ ਵਾਲੇ ਪਾਈਪ ਨੂੰ ਬਦਲਣਾ ਚਾਹੁੰਦੇ ਹੋ, ਤਾਂ ਇਹ ਕੰਮ ਤੁਹਾਡਾ ਬਿਲਡਰ ਜਾਂ ਪਲੰਬਰ ਕਰ ਸਕਦਾ ਹੈ। ਫਿਰ ਅਸੀਂ ਤੁਹਾਡੇ ਪਲੰਬਰ ਦੇ ਕੀਤੇ ਹੋਏ ਕੰਮ ਨੂੰ ਵੇਖਾਂਗੇ। ਜੇ ਇਹ ਠੀਕ ਹੋਇਆ, ਤਾਂ ਅਸੀਂ ਆਪਣੇ ਨੈਟਵਰਕ ਨਾਲ ਨਵੇਂ ਪਾਈਪ ਨੂੰ ਮੁਫ਼ਤ ਜੋੜਾਂਗੇ, ਅਤੇ ਬਗ਼ੀਚੇ ਦੀ ਵਾੜ ਦੇ ਸਾਡੇ ਵਾਲੇ ਪਾਸੇ ਬਾਕੀ ਬਚੇ ਕਿਸੇ ਵੀ ਸੀਸੇ ਦੇ ਪਾਈਪ ਨੂੰ ਬਦਲਾਂਗੇ।

ਸੀਸੇ ਵਾਲੇ ਪਾਈਪ ਬਦਲਣ, ਨਾਲ ਹੀ ਆਪਣੇ ਬਦਲੇ ਹੋਏ ਪਾਈਪ ਨੂੰ ਜੋੜਣ ਲਈ ਆੱਨਲਾਈਨ ਅਰਜ਼ੀ ਫ਼ਾਰਮ ਦੇਣ ਬਾਰੇ ਹੋਰ ਜਾਣਕਾਰੀ ਲਈ, ਇਸ ਵੈਬਸਾਈਟ ਤੇ ਜਾਓ **unitedutilities.com/replacingleadpipes**

ਆਪਣੇ ਸੀਸੇ ਦੇ ਪਾਈਪ ਬਦਲਣ ਵੇਲੇ, ਅਸੀਂ ਹਮੇਸ਼ਾ ਪਾਣੀ ਦੀ ਸਨਅੱਤ ਵਲੋਂ ਪ੍ਰਵਾਣਿਤ ਪਲੰਬਰ ਦੀ ਚੋਣ ਕਰਨ ਦੀ ਸਿਫ਼ਾਰਸ਼ ਕਰਾਂਗੇ। ਹੋਰ ਵੇਰਵਿਆਂ ਲਈ wras.co.uk/wiaps ਤੇ ਜਾਓ।

## ਸੀਸੇ ਦਾ ਪਤਾ ਕਿਵੇਂ ਲਾਓ

ਟਾੱਰਚ ਚੱਕ ਅਤ ਬਾਹਰ ਆਉਂਦਾ ਪਾਈਪ, ਜ ਤਹਾਡੀ ਰਸਈ ਦੀ ਟਟੀ ਵਿਚ ਆਉਂਦਾ ਹ, ਤ ਨਜ਼ਰ ਮਾਰ ਅਤ ਆਪਣੀਆ ਅਲਮਾਰੀਆ ਦ ਪਿਛਲ ਪਾਸ ਵਖ। ਮਿਲ ਗਿਆ?

ਸੀਸ ਦ ਪਾਈਪ ਬਹਤ ਹੀ ਵੱਖਰ ਹਦ ਹਨ। ਉਹ ਗਾੜ ਸਲਟੀ (ਕਿਸ ਵੀ ਰਗ ਦ ਹਠਾਂ), ਨਰਮ ਹਦ ਹਨ ਅਤ ਉਹਨਾਂ ਤ ਅਸਾਨੀ ਨਾਲ ਨਿਸ਼ਾਨ ਲੱਗ ਜਾਂਦਾ ਹ।

ਯਾਦ ਰੱਖ, ਭਾਵ ਬਾਕੀ ਦ ਸਾਰ ਪਾਈਪ ਤਾਂਬ ਤ ਬਣ ਹਣ, ਤਹਾਡ ਸਪਲਾਈ ਵਾਲ ਪਾਈਪ ਵਿਚ ਅਜ ਵੀ ਸੀਸਾ ਹ ਸਕਦਾ ਹ।

## ਪਾਣੀ ਦਾ ਪਸ਼ਰ

ਅਸੀਂ ਪਾਣੀ ਦੀ ਸਪਲਾਈ ਢੁਕਵੇਂ ਪ੍ਰੈਸ਼ਰ ਤੇ ਜ਼ਰੂਰ ਕਰਦੇ ਹਾਂ, ਤਾਂਜੋ ਤੁਸੀਂ 30 ਸੈਕਿੰਡਾਂ ਵਿਚ 4.5 ਲੀਟਰ ਪਾਣੀ ਭਰ ਸਕੋ।

ਤੁਹਾਡੇ ਘਰ ਵਿਚਲੇ ਪਾਣੀ ਦੇ ਪ੍ਰੈਸ਼ਰ ਅਤੇ ਪਾਣੀ ਦੀ ਰਫ਼ਤਾਰ ਤੇ ਕਈ ਕਾਰਣਾਂ ਕਰਕੇ ਅਸਰ ਪੈਂਦਾ ਹੈ, ਇਹਨਾਂ ਵਿਚ ਸ਼ਾਮਿਲ ਹਨ:

- ਸੜਕ ਵਿਚਲੇ ਪਾਣੀ ਦੇ ਮੁਖ ਪਾਈਪ ਤੋਂ ਤੁਹਾਡੀ ਸੰਪਤੀ ਦੀ ਉਚਾਈ, ਅਤੇ ਪਾਣੀ ਦੇ ਭੰਡਾਰਾਂ ਦੇ ਸਬੰਧ ਵਿਚ ਇਸਦੀ ਉਚਾਈ
- ਤੁਹਾਡੇ ਪਾਣੀ ਦੇ ਸਪਲਾਈ ਦੇ ਪਾਈਪ ਦੀ ਹਾਲਤ ਅਤੇ ਖ਼ਾਕਾ
- ਸੰਪਤੀ ਹੋਰਨਾਂ ਸੰਪਤੀਆਂ ਨਾਲ ਪਾਣੀ ਦੀ ਸਪਲਾਈ ਸਾਂਝੀ ਕਰਦੀ ਹੈ ਜਾਂ ਨਹੀਂ
- ਸਭ ਤੋਂ ਵੱਧ ਮੰਗ ਵਾਲੀਆਂ ਹਾਲਤਾਂ
- ਤੁਹਾਡੇ ਘਰ ਵਿਚਲੀ ਨਲਸਾਜ਼ੀ,

ਜੇ ਤੁਹਾਨੂੰ ਆਪਣੇ ਪਾਣੀ ਦੇ ਦਬਾਅ ਨਾਲ ਕੋਈ ਸਮਸਿਆ ਲੱਗਦੀ ਹੈ, ਤਾਂ ਪਹਿਲਾਂ ਆਪਣੇ ਘਰ ਦੇ ਅੰਦਰਲੀ ਨਲਸਾਜ਼ੀ ਦੀ ਜਾਂਚ ਕਰੋ ਅਤੇ ਵੇਖੋ ਕਿ ਪਾਣੀ ਰੋਕਣ ਵਾਲੀ ਅੰਦਰੂਨੀ ਟੂਟੀ ਪੂਰੀ ਤਰ੍ਹਾਂ ਖੁਲ੍ਹੀ ਹੋਈ ਹੈ। ਜੇ ਤੁਸੀਂ ਅਜੇ ਵੀ ਨਾਖ਼ੁਸ਼ ਹੋ, ਤਾਂ ਕਿਰਪਾ ਕਰਕੇ ਸਾਨੂੰ ਤੇ ਕਾੱਲ ਕਰੋ **0845 746 2200**.

## ਮਨ ਜਾਂ ਨਾ ਮਨ...



**ਜੇ ਘਰ ਵਿਚ ਬਿਜਲੀ ਦੀ ਕੋਈ ਖ਼ਰਾਬੀ ਹੈ, ਤਾਂ ਸੀਸੇ ਦਾ ਪਾਈਪ ਹਟਾਉਣਾ ਅਸੁਰਖਿਅਤ ਹੋ ਸਕਦਾ ਹੈ।**

ਪਹਿਲਾਂ ਜਿਹੇ, ਸੀਸੇ ਦੇ ਪਾਈਪਾਂ ਨੂੰ ਅਕਸਰ ਬਿਜਲੀ ਦੇ ਅਰਥਿੰਗ ਵਜੋਂ ਵਰਤਿਆ ਜਾਂਦਾ ਸੀ। ਜੇ ਤੁਸੀਂ ਆਪਣੀ ਸਪਲਾਈ ਦਾ ਪਾਈਪ ਬਦਲ ਰਹੇ ਹੋ, ਤਾਂ ਪਹਿਲਾਂ ਬਿਜਲੀ ਵਾਲੇ ਤੋਂ ਸਲਾਹ ਲਓ।

# ਪਾਣੀ ਦੇ ਪਾਈਪ: ਪਾਣੀ ਦਾ ਨਵਾਂ ਕਨੈਕਸ਼ਨ ਲਾਉਣਾ

## ਜੇ ਤੁਸੀਂ ਇੱਕ ਨਵੇਂ ਘਰ ਵਿਚ ਜਾ ਰਹੇ ਹੋ, ਤਾਂ ਇਸ ਗੱਲ ਦੀ ਉਮੀਦ ਹੈ ਕਿ ਤੁਹਾਡੇ ਬਿਲਡਰ ਨੇ ਪਹਿਲਾਂ ਹੀ ਪਾਣੀ ਦੇ ਮੁੱਖ ਪਾਈਪਾਂ ਨੂੰ ਤੁਹਾਡੇ ਘਰ ਨਾਲ ਜੋੜਣ ਦਾ ਇੰਤਜ਼ਾਮ ਕੀਤਾ ਹੋਏਗਾ।

ਪਰ, ਜੇ ਤੁਸੀਂ ਨਵੀਂ ਸੰਪਤੀ ਬਣਾਈ ਹੈ ਜਾਂ ਵਧਾਈ ਹੈ, ਜਿਸ ਨੂੰ ਪਾਣੀ ਦੀ ਸਪਲਾਈ ਦੀ ਲੋੜ ਹੈ, ਤਾਂ ਤੁਸੀਂ ਇਸਦਾ ਆਪਣੇ ਆਪ ਪ੍ਰਬੰਧ ਕਰਨਾ ਚਾਹ ਸਕਦੇ ਹੋ।

ਇਹ ਅਮਲ ਪੂਰੀ ਤਰ੍ਹਾਂ ਤਕਨੀਕੀ ਹੈ, ਪਰ ਮੁੱਕਦੀ ਗੱਲ ਇਹ ਕਿ ਇਹ ਸਪਲਾਈ ਦਾ ਪਾਈਪ ਪਾਉਣਾ ਤੁਹਾਡੀ ਜ਼ਿੰਮੇਵਾਰੀ ਹੈ, ਅਤੇ ਬਾਕੀ ਸਾਡੇ ਤੇ ਛੱਡ ਦਿਓ। ਇੱਕ ਤਜਰਬੇਕਾਰ ਅਤੇ ਮਾਨਤਾਪ੍ਰਾਪਤ ਬਿਲਡਰ ਨੂੰ ਸਾਰੀਆਂ ਤਕਨੀਕੀ ਅਤੇ ਕਾਨੂੰਨੀ ਜ਼ਰੂਰਤਾਂ ਬਾਰੇ ਪਹਿਲਾਂ ਹੀ ਪਤਾ ਹੋਣਾ ਚਾਹੀਦਾ ਹੈ।

ਤੁਹਾਨੂੰ ਇੱਕ ਅਰਜ਼ੀ ਫ਼ਾਰਮ ਜ਼ਰੂਰ ਭਰਨਾ ਚਾਹੀਦਾ ਹੈ, ਜੋ ਕਿ **0845 026 4296** ਤੇ ਫੋਨ ਕਰਕੇ ਉਪਲਬਧ ਹੈ ਅਤੇ ਸਾਡੇ 'ਨਵੇਂ ਵਿਕਾਸ ਸਬੰਧੀ ਜਾਣਕਾਰੀ ਪੈਕ' ਬਾਰੇ ਪੁੱਛੋ ਜਾਂ ਸਾਡੀ ਵੈਬਸਾਈਟ ਤੇ ਜਾਕੇ ਪਤਾ ਲਾਓ: **unitedutilities.com/waterconnections**

ਤੁਹਾਨੂੰ ਨਵੇਂ ਕਨੈਕਸ਼ਨਾਂ ਅਤੇ ਪਾਣੀ ਦੇ ਮੁਖ ਪਾਈਪਾਂ ਬਾਰੇ **unitedutilities.com/waterconnections** ਤੇ ਜਾਕੇ ਜਾਂ **0845 026 4296** ਤੇ ਸਾਨੂੰ ਫੋਨ ਕਰਕੇ ਬਹੁਤ ਸਾਰੀ ਜਾਣਕਾਰੀ ਮਿਲੇਗੀ।



# ਕੀ ਤਹਾਨ ਪਤਾ ਹ...

- ਇਸ ਤੋਂ ਪਹਿਲਾਂ ਕਿ ਅਸੀਂ ਪਾਈਪਾਂ ਨੂੰ ਜੋੜ ਸਕੀਏ, ਸਾਰੀਆਂ ਨਵੀਆਂ ਸੰਪਤੀਆਂ ਵਿਚ ਨਲਸਾਜ਼ੀ ਲਈ ਕੁਝ ਕਾਨੂੰਨੀ ਨੇਮ ਹੁੰਦੇ ਹਨ। ਉਹਨਾਂ ਨੂੰ ਪਾਣੀ ਦੀ ਸਪਲਾਈ (ਪਾਣੀ ਦੀਆਂ ਫ਼ਿਟਿੰਗਾਂ) ਦੇ ਨੇਮਾਂ 1999 ਵਿਚ ਤੈਅ ਕੀਤਾ ਗਿਆ ਹੈ।
- ਜੇ ਤੁਹਾਨੂੰ ਪਾਣੀ ਦੇ ਨਵੇਂ ਮੁਖ ਪਾਈਪ ਲੁਆਉਣ ਦੀ ਲੋੜ ਹੈ, ਤਾਂ ਅਸੀਂ ਆਮ ਤੌਰ ਤੇ ਸਾਡੇ ਨੇਮਾਂ ਨਾਲ ਤੁਹਾਡੀ ਸਹਿਮਤੀ ਹੋਣ ਦੇ ਤਿੰਨ ਮਹੀਨਿਆਂ ਦੇ ਅੰਦਰ ਅੰਦਰ ਲਾਵਾਂਗੇ।
- ਤੁਹਾਨੂੰ ਪਾਣੀ ਦੇ ਮੁਖ ਪਾਈਪ ਜਾਂ ਸਪਲਾਈ ਦਾ ਪਾਈਪ ਲੁਆਉਣ ਲਈ ਯੂਨੀਈਟਿਡ ਯੂਟੀਲਿਟਿਜ਼ ਤੋਂ ਕੰਮ ਨਹੀਂ ਕਰਾਉਣਾ ਪੈਣਾ। ਤੁਸੀਂ ਆਪਣੇ ਆਪ ਪਾਈਪ ਪਾਉਣ ਵਾਲੀ ਕਿਸੇ ਵੀ ਮਾਨਤਾਪ੍ਰਾਪਤ ਜਥੇਬੰਦੀ ਦੀ ਵਰਤੋਂ ਕਰ ਸਕਦੇ ਹੋ। ਹੋਰ ਜਾਣਕਾਰੀ ਇਸ ਵੈਬਸਾਈਟ ਤੇ ਮਿਲ ਸਕਦੀ ਹੈ **unitedutilities.com/waterconnections**
- ਕਈ ਵਾਰੀ ਪਾਣੀ ਦੇ ਮੌਜੂਦਾ ਮੁਖ ਪਾਈਪਾਂ ਅਤੇ ਸੀਵਰਾਂ ਦੀ ਸਥਿਤੀ ਦਾ ਪਤਾ ਲਾਉਣਾ ਕਾਫ਼ੀ ਲਾਹੇਵੰਦ ਹੋ ਸਕਦਾ ਹੈ। ਤੁਸੀਂ ਤੇ ਫੋਨ ਕਰਕੇ ਸਾਡੇ ਨਕਸ਼ਿਆਂ ਦੀਆਂ ਨਕਲਾਂ ਨੂੰ ਵੇਖਣ ਜਾਂ ਖ਼ਰੀਦਣ ਦਾ ਪ੍ਰਬੰਧ ਕਰ ਸਕਦੇ ਹੋ। **0870 751 0101**.

# ਸੀਵਰ ਦੇ ਪਾਈਪ: ਸੀਵਰ ਪਾਈਪਾਂ ਬਾਰੇ ਸਮਝਣਾ



## ਜਦੋਂ ਵੀ ਤੁਸੀਂ ਟਾੱਇਲਟ ਦੀ ਫ਼ਲਸ਼ ਚਲਾਉਂਦੇ ਹੋ, ਸ਼ਾਵਰ ਲੈਂਦੇ ਹੋ ਜਾਂ ਡਿਸ਼ਵਾਸ਼ਰ ਦੀ ਵਰਤੋਂ ਕਰਦੇ ਹੋ, ਤਾਂ ਵਰਤਿਆ ਹੋਇਆ ਪਾਣੀ U-ਮੋੜ ਵਿਚ ਗ਼ਾਇਬ ਹੋ ਜਾਂਦਾ ਹੈ, ਫਿਰ ਕਦੀ ਨਜ਼ਰ ਨਹੀਂ ਆਉਂਦਾ।

ਇਹ ਤੁਹਾਡੀ ਸੰਪਤੀ ਵਿਚੋਂ ਇੱਕ ਪ੍ਰਾਈਵੇਟ ਨਾਲੀ ਰਾਹੀਂ ਨਿਕਲਦਾ ਹੈ, ਜੋ ਸਿਰਫ਼ ਤੁਹਾਡੇ ਪਾਣੀ ਲਈ ਹੈ ਅਤੇ ਇਸਦੀ ਦੇਖਭਾਲ ਕਰਨਾ ਤੁਹਾਡੀ ਜ਼ਿੰਮੇਵਾਰੀ ਹੈ।

ਉਹ ਥਾਂ, ਜਿਥੇ ਤੁਹਾਡੀ ਨਾਲੀ ਦਾ ਪਾਈਪ ਉਸ ਪਾਈਪ ਨਾਲ ਜੁੜਦਾ ਹੈ, ਜਿਸ ਵਿਚ ਇੱਕ ਨਾਲੋਂ ਵੱਧ ਘਰਾਂ ਦਾ ਪਾਣੀ ਆਉਂਦਾ ਹੈ ਜਾਂ ਨਾਲੀ ਦਾ ਇਹ ਪਾਈਪ ਤੁਹਾਡੀ ਸੰਪਤੀ ਦੀ ਵਲਗਣ ਤੋਂ ਅਗਾਂਹ ਹੈ, ਤਾਂ ਇਹ ਸਾਡੀ ਜ਼ਿੰਮੇਵਾਰੀ ਬਣ ਜਾਂਦਾ ਹੈ।

ਸਾਹਮਣੇ ਵਾਲੇ ਪਾਸੇ ਦਿੱਤਾ ਗਿਆ ਚਿੱਤਰ ਦੱਸਦਾ ਹੈ ਕਿ ਇਹ ਕਿਵੇਂ ਕੰਮ ਕਰ ਸਕਦਾ ਹੈ।

ਪਾਣੀ ਰੁਕਣ ਵੇਲੇ, ਜੇ ਇੰਜ ਹੁੰਦਾ ਹੈ:

- ਆਪਣੇ ਖ਼ੁਦ ਦੇ ਪ੍ਰਾਈਵੇਟ ਨਾਲੀ ਵਾਲੇ ਪਾਈਪ ਦੀ ਮੁਰੰਮਤ ਤੁਹਾਨੂੰ ਖ਼ੁਦ ਕਰਾਉਣੀ ਪਏਗੀ
- ਇੱਕ ਤੋਂ ਵੱਧ ਘਰਾਂ ਦਾ ਪਾਣੀ ਲਿਜਾ ਰਹੇ ਸੀਵਰ ਦੇ ਪਾਈਪ ਜਾਂ ਇਹ ਤੁਹਾਡੀ ਸੰਪਤੀ ਦੀ ਵਲਗਣ ਤੋਂ ਬਾਹਰ ਹੈ, ਤਾਂ ਅਸੀਂ ਇਸਦੀ ਦੇਖਭਾਲ ਕਰਾਂਗੇ।

ਜੇ ਤੁਹਾਨੂੰ ਅਜੇ ਵੀ ਹੋਰ ਜਾਣਕਾਰੀ ਚਾਹੀਦੀ ਹੈ, ਤਾਂ **unitedutilities.com/privatesewers** ਤੇ ਜਾਓ ਜਾਂ **0845 746 2200** ਤੇ ਕਾੱਲ ਕਰੋ।

## ਆਮ ਸੀਵਰ ਪਾਈਪਾਂ ਦੀ ਜ਼ਿੰਮੇਵਾਰੀ




*ਦਰਸਾਏ ਗਏ ਚਿੱਤਰ ਸਿਰਫ਼ ਸੇਧ ਲਈ ਹਨ।*

### ਜਵਾਬ

**ਪ੍ਰਾਈਵੇਟ ਨਾਲੀ ਦਾ ਪਾਈਪ** (ਘਰ ਦੇ ਮਾਲਕ ਦੀ ਜ਼ਿੰਮੇਵਾਰੀ)

**ਸੀਵਰ ਦਾ ਸਾਂਝਾ ਪਾਈਪ/ਸੰਪਤੀ ਦੀ ਵਲਗਣ ਤੋਂ ਅਗਾਂਹ ਦਾ ਪਾਈਪ** (ਯੂਨਾਇਟਿਡ ਯੂਟੀਲਿਟਿਜ਼ ਦੀ ਜ਼ਿੰਮੇਵਾਰੀ)

**ਸਰਕਾਰੀ ਸੀਵਰ** (ਯੂਨਾਇਟਿਡ ਯੂਟੀਲਿਟਿਜ਼ ਦੀ ਜ਼ਿੰਮੇਵਾਰੀ)

# ਸੀਵਰ ਦੇ ਪਾਈਪ: ਸੀਵਰ ਦਾ ਨਵਾਂ ਕਨੈਕਸ਼ਨ ਲਾਉਣਾ

**ਜੇ ਤੁਸੀਂ ਨਵੀਂ ਸੰਪਤੀ ਬਣਾਈ ਹੈ ਜਾਂ ਵਧਾਈ ਹੈ, ਜਿਸ ਨੂੰ ਸਾਡੇ ਸੀਵਰ ਦੇ ਨੈਟਵਰਕ ਨਾਲ ਜੋੜਣ ਦੀ ਲੋੜ ਹੈ, ਤਾਂ ਅਸੀਂ ਛੇਤੀ ਹੀ ਇਸਨੂੰ ਤੁਹਾਡੇ ਵਲੋਂ ਕਾਮਯਾਬੀ ਨਾਲ ਚਲਾਉਣ ਲਈ ਤਿਆਰ ਕਰਾਂਗੇ!**



ਅਸੀਂ ਅਕਸਰ ਤੁਹਾਡੇ ਬਿਲਡਰ ਜਾਂ ਪਲੰਬਰ ਨੂੰ ਸਾਰਾ ਕੰਮ ਕਰਨ ਦੀ ਆਗਿਆ ਦਿੰਦੇ ਹਾਂ, ਜਿਹਨਾਂ ਵਿਚ ਪ੍ਰਾਈਵੇਟ ਸੀਵਰ ਪਾਈਪ ਪਾਉਣਾ ਅਤੇ ਇਸ ਨੂੰ ਸਾਡੇ ਨੈਟਵਰਕ ਨਾਲ ਜੋੜਣਾ - ਪਰ ਸਾਨੂੰ ਥਾਂ ਦਾ ਮੁਆਇਨਾ ਕਰਨਾ ਪਏਗਾ ਅਤੇ ਪਹਿਲਾਂ ਆਪਣੀ ਲਿਖਤੀ ਆਗਿਆ ਦਿਆਂਗੇ।

ਕਈ ਵਾਰੀ, ਅਸੀਂ ਇਹ ਯਕੀਨੀ ਬਣਾਉਣ ਲਈ ਕਿ ਕੰਮ ਵਿਚ ਕੋਈ ਗੜਬੜੀ ਨਹੀਂ ਹੈ, ਆਖ਼ਰੀ ਕਨੈਕਸ਼ਨ ਆਪਣੇ ਆਪ ਕਰਨ ਤੇ ਜ਼ੋਰ ਪਾ ਸਕਦੇ ਹਾਂ।

ਨਵੇਂ ਕਨੈਕਸ਼ਨਾਂ ਨਾਲ ਸਭ ਤੋਂ ਵੱਧ ਆਮ ਮੁਸ਼ਕਿਲ ਉਦੋਂ ਹੁੰਦੀ ਹੈ, ਜਦੋਂ ਸੰਪਤੀ ਦੇ ਗੰਦੇ ਪਾਣੀ (ਜਿਵੇਂ ਤੁਹਾਡੀ ਟਾੱਇਲਟ ਅਤੇ ਘਰ ਦੇ ਉਪਕਰਣਾਂ ਤੋਂ)ਅਤੇ ਮੀਂਹ ਦੇ ਪਾਣੀ ਲਈ ਵੱਖਰੇ ਪਾਈਪ ਹੁੰਦੇ ਹਨ। ਇਹ ਬਹੁਤ ਜ਼ਰੂਰੀ ਹੈ ਕਿ ਇਹ ਦੋ ਪਾਈਪ ਸਾਡੇ ਸਰਕਾਰੀ ਸੀਵਰ ਦੇ ਨੈਟਵਰਕ ਨਾਲ ਸਹੀ ਢੰਗ ਨਾਲ ਜੁੜੇ ਹੋਣ।

ਜੇ ਤੁਹਾਨੂੰ ਆਪਣੇ ਸੀਵਰ ਦੇ

# ਇੱਕ ਛਿਣ ਉਡੀਕ...
# ਕੀ ਤਹਾਨ ਪਤਾ ਹ?

**ਜ ਅਸੀਂ ਨਵਾਂ ਸਰਕਾਰੀ ਸੀਵਰ ਲਾਉਣ ਲਈ ਸਹਿਮਤ ਹਾਂ,** ਤਾਂ ਸਾਡਾ ਉਦੇਸ਼ ਸਾਰੇ ਨੇਮ ਅਤੇ ਸ਼ਰਤਾਂ ਬਾਰੇ ਤੁਹਾਡੀ ਸਹਿਮਤੀ ਦੇ ਛੇ ਮਹੀਨਿਆਂ ਦੇ ਅੰਦਰ ਇਸ ਨੂੰ ਸਿਰੇ ਚਾੜ੍ਹਣ ਦਾ ਹੋਏਗਾ।

**ਤਹਾਨ ਨਵਾਂ ਸਰਕਾਰੀ ਸੀਵਰ ਲਆਉਣ ਲਈ ਯਨੀਈਟਿਡ ਯਟੀਲਿਟਿਜ਼ ਤ ਕਮ ਨਹੀਂ ਕਰਾਉਣਾ ਪਣਾ।** ਤੁਸੀਂ ਕਿਸੇ ਵੀ ਮਾਨਤਾਪ੍ਰਾਪਤ ਜਥੇਬੰਦੀ ਦੀ ਵਰਤੋਂ ਕਰ ਸਕਦੇ ਹੋ। ਹੋਰ ਵੇਰਵਿਆਂ ਲਈ ਇਸ ਵੈਬਸਾਈਟ ਤੇ ਜਾਓ **unitedutilities.com/wastewaterconnections**

ਕ੍ਰਾੱਸ-ਕਨੈਕਸ਼ਨਾਂ ਕਰਕੇ ਪਲੀਤ ਵਰਗੇ ਮਾਮਲੇ ਹੋ ਸਕਦੇ ਹਨ - ਅਤੇ ਤੁਹਾਨੂੰ ਤਗੜਾ ਜੁਰਮਾਨਾ ਲੱਗ ਸਕਦਾ ਹੈ। ਜੇ ਕੋਈ ਸ਼ੱਕ ਹੈ, ਤਾਂ ਸਾਨੂੰ ਕਾੱਲ ਕਰੋ!

ਜੇ ਤੁਸੀਂ ਘਰ ਬਣਾਇਆ ਹੈ ਅਤੇ ਮੌਜੂਦਾ ਸਰਕਾਰੀ ਸੀਵਰ ਨਾਲ ਜੋੜਣ ਦਾ ਪ੍ਰਬੰਧ ਨਹੀਂ ਹੈ, ਤਾਂ ਜਿਵੇਂ ਹੀ ਇਹ ਦੋ ਜਾਂ ਵੱਧ ਸੰਪਤੀਆਂ ਤੱਕ ਪਹੁੰਚੇਗਾ, ਅਸੀਂ ਤੁਹਾਡਾ ਕਨੈਕਸ਼ਨ ਜੋੜ ਸਕਦੇ ਹਾਂ। ਕਿਰਪਾ ਕਰਕੇ ਧਿਆਨ ਦਿਓ ਕਿ ਤੁਹਾਨੂੰ ਨਵੇਂ ਸੀਵਰ ਦੀਆਂ ਲਾਗਤਾਂ ਦੇਣੀਆਂ ਪੈਣਗੀਆਂ। ਇਹ ਇੱਕ ਮਹਿੰਗਾ ਕੰਮ ਹੈ, ਇਸ ਕਰਕੇ ਅਸੀਂ ਭੁਗਤਾਨ ਦੇ ਵਿਕਲਪਾਂ ਦੀ ਚੋਣ ਦੀ ਪੇਸ਼ਕਸ਼ ਕਰਦੇ ਹਾਂ, ਇਹਨਾਂ ਵਿਚ 12 ਸਾਲ ਤੱਕ ਭੁਗਤਾਨ ਕਰਨ ਦਾ ਮੌਕਾ ਸ਼ਾਮਿਲ ਹੈ।

ਪ੍ਰਾਈਵੇਟ ਸੀਵਰ ਕਨੈਕਸ਼ਨਾਂ ਅਤੇ ਨਵੇਂ ਸਰਕਾਰੀ ਸੀਵਰਾਂ ਅਤੇ ਸਬੰਧਿਤ ਅਰਜ਼ੀ ਫ਼ਾਰਮਾਂ ਬਾਰੇ ਹੋਰ ਬਹੁਤ ਸਾਰੀ ਜਾਣਕਾਰੀ ਲਈ ਕਿਰਪਾ ਕਰਕੇ ਸਾਨੂੰ **01925 679364** ਤੇ ਕਾੱਲ ਕਰੋ ਜਾਂ ਇਸ ਵੈਬਸਾਈਟ ਤੇ ਜਾਓ **unitedutilities.com/wastewaterconnections**

## ਨੈਟਵਰਕ ਵਿਚ ਕਨੈਕਸ਼ਨ ਲਾਉਣ ਵਿਚ ਮਦਦ ਦੀ ਲੋੜ ਹੈ, ਤਾਂ ਸਾਨੂੰ ਦੱਸੋ

# ਹੋਰ ਜਾਣਕਾਰੀ:

# ਠੰਡ ਦੇ ਹਿਸਾਬ ਨਾਲ ਚੱਲੋ

## ਪਾਣੀ ਰਕਣ ਵਾਲੀ ਆਪਣੀ ਟਟੀ ਲੱਭਣਾ

(ਆਮ ਤਰ ਤ ਰਸਈ ਦ ਸਿਕ ਦ ਹਠਾਂ ਹਦੀ ਹ)



**ਜਦੋਂ ਤਾਪਮਾਨ ਸਿਫ਼ਰ ਤੋਂ ਹੇਠਾਂ ਆ ਜਾਏ, ਜਿਵੇਂ ਕਿ ਯੂਕੇ ਵਿਚ ਇਹ ਮੌਸਮ ਪਰੇਸ਼ਾਨ ਕਰਨ ਵਾਲਾ ਹੁੰਦਾ ਹੈ, ਠੰਡ ਵਿਚ ਤੁਹਾਡੇ ਘਰ, ਜੰਮਣ ਦੇ ਜੋਖਮ ਤੇ ਹੁੰਦੇ ਹਨ।**

ਬਹੁਤ ਹੀ ਨੀਰਸ ਠੰਡ ਤੋਂ ਬਚਣ ਲਈ, ਇਹ ਜ਼ਰੂਰੀ ਹੈ ਕਿ ਕੁਝ ਅਸਾਨ ਜਿਹੀਆਂ ਇਹਤਿਆਤਾਂ ਵਰਤੀਆਂ ਜਾਣ। ਪੋਰਚ ਜਾਂ ਗੈਰੇਜ ਵਰਗੀਆਂ ਠੰਡੀਆਂ ਥਾਵਾਂ ਵਿਚ ਪਾਈਪਾਂ ਤੇ ਪਰਤ ਚੜ੍ਹਾਉਣਾ ਅਤੇ ਹੀਟਿੰਗ ਨੂੰ ਘੱਟ ਪੱਧਰ ਤੇ ਰਖਕੇ ਫ਼ਰਕ ਲਿਆਂਦਾ ਜਾ ਸਕਦਾ ਹੈ।

ਇਹ ਵੀ ਪਤਾ ਲਾਉਣਾ ਚੰਗਾ ਵਿਚਾਰ ਹੈ ਕਿ ਪਾਣੀ ਰੋਕਣ ਵਾਲੀ ਤੁਹਾਡੀ ਟੂਟੀ ਕਿਥੇ ਹੈ (ਆਮ ਤੌਰ ਤੇ ਰਸੋਈ ਦੇ ਸਿੰਕ ਦੇ ਹੇਠਾਂ ਹੁੰਦੀ ਹੈ) ਅਤੇ ਇੱਕ ਚੰਗੇ ਪਲੰਬਰ ਦਾ ਨਾਂ ਆਪਣੇ ਕੋਲ ਰਖੋ, ਤਾਂਜੋ ਜੇ ਪਾਈਪ ਸਬੰਧੀ ਐਮਰਜੈਂਸੀ ਹੋਵੇ, ਤਾਂ ਤੁਸੀਂ ਵੇਖਦਿਆਂ ਸਾਰ ਕੰਮ ਕਰਾ ਸਕੋ।

ਇਹ ਨਾ ਭੁੱਲੋ ਕਿ ਜੇ ਤੁਸੀਂ ਠੰਡ ਦੇ ਮਹੀਨਿਆਂ ਦੌਰਾਨ ਬਾਹਰ ਹੋ, ਤਾਂ ਤੁਸੀਂ ਕੁਝ ਅਸਾਨ ਜਿਹੇ ਕੰਮ ਕਰਕੇ ਆਪਣੇ ਘਰ ਨੂੰ ਸੁਰਖਿਅਤ ਕਰ ਸਕਦੇ ਹੋ, ਜਿਵੇਂ ਹੀਟਿੰਗ ਚਾਲੂ ਰਖਣਾ ਅਤੇ ਲੋੜ ਪੈਣ ਤੇ ਦੋਸਤ ਜਾਂ ਗੁਆਂਢੀ ਨੂੰ ਤੁਹਾਡੇ ਘਰ ਦੀ ਜਾਂਚ ਕਰਨ ਲਈ ਕਹਿਣਾ!

ਹੋਰ ਬਹੁਤ ਸਾਰੀ ਸਲਾਹ ਲਈ,
ਇਸ ਵੈਬਸਾਈਟ ਤੇ ਜਾਓ
**unitedutilities.com/winterwise**

# ਕਿਹੜੀਆਂ ਚੀਜ਼ਾਂ ਨਾ ਵਹਾਓ

## ਰੂੰ ਦੇ ਤੂੰਬੇ ਜਾਂ ਬੱਚੇ ਨੂੰ ਪੂੰਝਣ ਵਾਲੇ ਕਾਗਜਾਂ ਵਰਗੀਆਂ ਵਹਾਉਣ ਵਾਲੀਆਂ ਚੀਜ਼ਾਂ ਨੂੰ ਟਾੱਇਲਟ ਵਿਚ ਸੁੱਟਣਾ ਬਹੁਤ ਚੰਗਾ ਲੱਗ ਸਕਦਾ ਹੈ, ਪਰ ਤੁਹਾਨੂੰ ਪਰੇਸ਼ਾਨ ਕਰਨ ਲਈ ਉਹ ਵਾਪਸ ਆ ਸਕਦੀਆਂ ਹਨ!

ਟਾੱਇਲਟ ਟਿਸ਼ੂ ਵਰਗੀਆਂ ਚੀਜ਼ਾਂ ਟੁਟਦੀਆਂ ਨਹੀਂ ਹਨ, ਇਸ ਕਰਕੇ ਉਹ ਤੁਹਾਡੇ ਸੀਵਰ ਦੇ ਪਾਈਪ ਨੂੰ ਰੋਕ ਸਕਦੀਆਂ ਹਨ, ਇਸਦੇ ਨਤੀਜੇ ਵਜੋਂ ਟਾੱਇਲਟ ਭਰ ਸਕਦੀ ਹੈ, ਠੀਕ ਕਰਾਉਣ ਦੇ ਵੱਡੇ ਬਿੱਲ ਆ ਸਕਦੇ ਹਨ ਅਤੇ ਬਹੁਤ ਸਾਰੀ ਪਰੇਸ਼ਾਨੀ।

ਰਸੋਈ ਦੇ ਸਿੰਕ ਵਿਚ ਖ਼ਾਸ ਤੌਰ ਤੇ ਚਰਬੀ, ਤੇਲ ਜਾਂ ਚਿਕਨਾਈ ਵਰਗੀਆਂ ਗ਼ਲਤ ਚੀਜ਼ਾਂ ਵਹਾਉਣਾ ਵੀ ਪਰੇਸ਼ਾਨੀ ਸਹੇੜਣ ਵਾਂਗ ਹੈ। ਇਹ ਚੰਗੀ ਗੱਲ ਹੈ ਕਿ ਇਹਨਾਂ ਨੂੰ ਪਲਾਸਟਿਕ ਦੇ ਡੱਬੇ ਵਿਚ ਰਖੋ, ਠੰਡਾ ਹੋਣ ਦਿਓ ਅਤੇ ਫਿਰ ਕੂੜੇਦਾਨ ਵਿਚ ਸੁੱਟੋ।

ਆਪਣੇ ਸੀਵਰ ਦੇ ਪਾਈਪ ਦਾ ਧਿਆਨ ਕਿਵੇਂ ਰਖਿਆ ਜਾਏ, ਬਾਰੇ ਹੋਰ ਪਤਾ ਲਾਉਣ ਲਈ ਇਸ ਵੈਬਸਾਈਟ ਤੇ ਜਾਓ **unitedutilities.com/whatnottoflush**

## ਟਾੱਇਲਟ ਵਿਚ ਸਿਰਫ਼ ਤਿਨ ਚੀਜ਼ਾਂ ਹੀ ਸੱਟਣੀਆ ਚਾਹੀਦੀਆ ਹਨ

(ਉਹਨਾਂ ਵਿਚ ਇੱਕ ਟਾੱਇਲਟ ਪਪਰ ਹ)



WHAT NOT TO FLUSH
unitedutilities.com

ਇਹ ਲੀਫ਼ਲੈਟ ਸਾਡੇ ਗਾਹਕਾਂ ਲਈ ਲਾਹੇਵੰਦ ਜਾਣਕਾਰੀ ਵਾਲੀਆਂ ਕਿਤਾਬਾਂ ਦੀ ਲੜੀ ਵਿਚੋਂ ਇੱਕ ਹੈ। ਹੋਰ, ਜਿਹਨਾਂ ਵਿਚ ਤੁਹਾਡੀ ਦਿਲਚਸਪੀ ਹੋ ਸਕਦੀ ਹੈ:

- **ਤੁਹਾਡੇ ਪਾਣੀ ਦੇ ਬਿੱਲ ਦੇ ਭੁਗਤਾਨ ਸਬੰਧੀ ਗਾਈਡ**
- **ਪਾਣੀ ਦਾ ਮੀਟਰ ਲਾਉਣ ਸਬੰਧੀ ਪੈਕ**
- **ਆਪਣੇ ਘਰ ਦੇ ਪਾਣੀ ਦੇ ਮੀਟਰ ਦੀ ਜਾਂਚ ਕਰਨੀ**
- **ਤੁਹਾਡੇ ਪਾਣੀ ਦੇ ਮੀਟਰ ਬਾਰੇ ਅਸਾਨ ਗਾਈਡ**
- **ਸਾਡੀਆਂ ਐਕਸਟ੍ਰਾਕੇਅਰ ਸੇਵਾਵਾਂ ਸਬੰਧੀ ਗਾਈਡ**
- **ਪਾਣੀ ਨੂੰ ਸਿਆਣਪ ਨਾਲ ਵਰਤਣ ਸਬੰਧੀ ਗਾਈਡ**
- **ਵਾਟਰਸ਼ਿਓਰ ਲਾਉਣ ਸਬੰਧੀ ਪੈਕ**
- **ਸਾਡਾ ਸ਼ਿਕਾਇਤਾਂ ਸਬੰਧੀ ਅਮਲ**
- **ਸੀਸੇ ਅਤੇ ਆਮ ਸਪਲਾਈ ਦੀਆਂ ਪਾਈਪਾਂ ਬਦਲਣਾ**
- **ਸੇਵਾ ਦੇ ਸਾਡੇ ਮਿਆਰ**

ਤੁਸੀਂ ਸਾਡੀ ਵੈਬਸਾਈਟ ਤੋਂ ਸਾਡੇ ਲੀਫ਼ਲੈਟਾਂ ਵਿਚੋਂ ਕੋਈ ਵੀ ਲੀਫ਼ਲੈਟ ਡਾਉਨਲੋਡ ਕਰ ਸਕਦੇ ਹੋ: **unitedutilities.com/leaflets**, ਜਾਂ ਇਥੇ ਲਿਖੋ: United Utilities (Dept LR), 1050 Europa Boulevard, Warrington WA55 1LR. ਇਸਤੋਂ ਅਲਾਵਾ, ਕਿਰਪਾ ਕਰਕੇ **0845 303 7711** ਤੇ ਸਾਡੀ 24-ਘੰਟੇ ਦਾ ਆੱਟੋਮੇਟਿਡ ਲੀਫ਼ਲੈਟ ਬੇਨਤੀ ਲਾਈਨ ਤੇ ਕਾੱਲ ਕਰੋ ਜਾਂ ਹੇਠਾਂ ਦਿੱਤੇ ਪਤੇ ਤੇ ਲਿਖੋ:

ਸਾਡੀਆਂ ਸਾਰੀਆਂ ਪੁਸਤਕਾਂ ਵੱਡੇ ਅੱਖਰਾਂ, ਬ੍ਰੇਲ ਅਤੇ ਆੱਡੀਓ CD ਜਾਂ ਕੈਸੇਟ ਵਿਚ ਉਪਲਬਧ ਹਨ। ਇਹਨਾਂ ਰੂਪਾਂ ਵਿਚੋਂ ਕਿਸੇ ਵੀ ਲੀਫ਼ਲੈਟ ਦਾ ਆੱਰਡਰ ਕਰਨ ਲਈ ਕਿਰਪਾ ਕਰਕੇ ਸਾਨੂੰ **0845 746 1100** ਤੇ ਕਾੱਲ ਕਰੋ।

ਜੇ ਅੰਗ੍ਰੇਜ਼ੀ ਤੁਹਾਡੀ ਮਾਂ ਬੋਲੀ ਨਹੀਂ ਹੈ, ਸਾਡੀਆਂ ਸਾਰੀਆਂ ਮੁਖ ਪੁਸਤਕਾਂ ਸਾਡੀ ਵੈਬਸਾਈਟ **unitedutilities.com/translations** ਤੇ ਹਿੰਦੀ, ਉਰਦੂ, ਗੁਜਰਾਤੀ, ਚੀਨੀ, ਬੰਗਾਲੀ ਅਤੇ ਪੰਜਾਬੀ ਵਿਚ ਵੀ ਉਪਲਬਧ ਹਨ।

ਗੱਲਾਂ ਵਿਚੋਂ ਗੱਲ - ਇਸ ਲੀਫ਼ਲੈਟ ਵਿਚਲੀ ਜਾਣਕਾਰੀ ਸਾਡੇ ਆੱਪ੍ਰੇਟਿੰਗ ਲਾਇਸੈਂਸ ਦੀਆਂ ਸ਼ਰਤਾਂ ਅਤੇ ਰੈਗੁਲੇਟਰ OFWAT ਵਲੋਂ ਦਿੱਤੀ ਗਈ ਪ੍ਰਵਾਨਗੀ ਦੀ ਪਾਲਣਾ ਕਰਦਿਆਂ ਗਾਹਕਾਂ ਨੂੰ ਉਪਲਬਧ ਕਰਾਈ ਗਈ ਹੈ।

## ਜ ਤਹਾਨ ਸਾਡ ਨਾਲ ਸਪਰਕ ਕਰਨ ਦੀ ਲੜ ਹ:

**ਆਪਣੇ ਬਿੱਲ ਬਾਰੇ ਸਾਡੇ ਨਾਲ ਗੱਲ ਕਰਨ ਲਈ:**
**0845 746 1100 ਜ ਤਹਾਡਾ ਪਾਣੀ ਦਾ ਮੀਟਰ ਨਹੀਂ ਲੱਗਿਆ ਹਇਆ**
**0845 746 2222 ਜ ਤਹਾਡਾ ਪਾਣੀ ਦਾ ਮੀਟਰ ਲੱਗਿਆ ਹਇਆ ਹ**
ਖਲਣ ਦਾ ਸਮਾਂ: ਸਵਰ 8 – ਰਾਤੀਂ 8 ਵਜ, ਸਮਵਾਰ ਤ ਸ਼ੱਕਰਵਾਰ;
ਸਵਰ 8 – ਸ਼ਾਮੀਂ 5 ਵਜ ਸ਼ਨਿਚਰਵਾਰ

**ਆਪਣੇ ਪਾਣੀ ਅਤੇ ਗੰਦੇ ਪਾਣੀ ਦੀਆਂ ਸੇਵਾਵਾਂ ਬਾਰੇ ਸਾਡੇ ਨਾਲ ਗੱਲ ਕਰਨ ਲਈ:**
**0845 746 2200**
ਖਲਣ ਦਾ ਸਮਾਂ: ਸਵਰ 8 ਰਾਤੀਂ 8 ਵਜ, ਸਮਵਾਰ ਤ ਸ਼ੱਕਰਵਾਰ;
ਸਵਰ 8 ਸ਼ਾਮੀਂ 6 ਵਜ ਸ਼ਨਿਚਰਵਾਰ; ਸਵਰ 8 ਦਪਹਿਰ 12 ਵਜ ਐਤਵਾਰ

ਜ ਤਹਾਨ ਸਣਨ ਜਾਂ ਬਲਣ ਵਿਚ ਪਰਸ਼ਾਨੀ ਹ, ਤਾਂ ਟਕਸਟਫਨ ਦੀ ਵਰਤ ਕਰ, ਕਿਰਪਾ ਕਰਕ **18001** ਡਾਇਲ ਕਰਨ ਤ ਬਾਅਦ, ਆਪਣਾ ਲੜੀਂਦਾ ਨਬਰ ਮਿਲਾਓ।

**ਤੁਸੀਂ ਸਾਨੂੰ ਹੇਠਾਂ ਦਿੱਤੇ ਪਤੇ ਤੇ ਲਿਖ ਸਕਦੇ ਹੋ:**
**United Utilities, PO Box 459, Warrington WA55 1WB**

**ਜਾਂ ਦਿੱਤੀ ਗਈ ਵੈਬਸਾਈਟ ਆੱਨਲਾਈਨ ਵੇਖੋ:**
**unitedutilities.com**

**my account**

ਤੁਸੀਂ ਆਪਣੇ ਪਾਣੀ ਦੇ ਖਾਤੇ ਦਾ ਆੱਨਲਾਈਨ ਪ੍ਰਬੰਧ ਕਰ ਸਕਦੇ ਹੋ।
ਹੁਣ ਇਥੇ ਰਜਿਸਟਰ ਕਰੋ: **unitedutilities.com/myaccount**

United Utilities
helping life flow smoothly

United Utilities Water PLC,
Haweswater House, Lingley Mere Business Park, Lingley Green Avenue, Warrington WA5 3LP.
ਇੰਗਲੈਂਡ ਅਤੇ ਵੇਲਸ ਵਿਚ ਰਜਿਸਟਰਡ। ਰਜਿਸਟਰਡ ਨੰਬਰ 2366678.

02/13/SD/4997